## ਜਨਹਿੱਤ ਲਈ ਖੁਲਾਸਾ ਕਰਨ ਅਤੇ ਸੂਚਨਾ ਦੇਣ ਵਾਲੇ ਲਈ ਸੁਰੱਖਿਆ ਮਤਾ, 2004 (PIDPI)

| | |
|---|---|
| ਪੀ.ਆਈ.ਡੀ.ਪੀ.ਆਈ. (PIDPI) ਕੀ ਹੈ? | • ਪੀ.ਆਈ.ਡੀ.ਪੀ.ਆਈ. ਭਾਰਤ ਸਰਕਾਰ ਦਾ ਇੱਕ ਮਤਾ ਹੈ<br>• ਇਸ ਦੇ ਅਧੀਨ ਦਰਜ ਕੀਤੀਆਂ ਸਾਰੀਆਂ ਸ਼ਿਕਾਇਤਾਂ ਦੇ ਸ਼ਿਕਾਇਤਕਰਤਵਾਂ ਦੀ ਪਛਾਣ ਗੁਪਤ ਰੱਖੀ ਜਾਂਦੀ ਹੈ |

| | |
|---|---|
| ਪੀ.ਆਈ.ਡੀ.ਪੀ.ਆਈ. (PIDPI )ਸ਼ਿਕਾਇਤ ਕਿਵੇਂ ਦਾਇਰ ਕੀਤੀ ਜਾਂਦੀ ਹੈ? | • ਸ਼ਿਕਾਇਤ ਸਕੱਤਰ, ਸੀਵੀਸੀ ਨੂੰ ਸੰਬੋਧਿਤ ਹੋਣੀ ਚਾਹੀਦੀ ਹੈ ਅਤੇ ਲਿਫਾਫਾ "PIDPI" ਨੂੰ ਲਿਖਿਆ ਜਾਣੇ<br>• ਸ਼ਿਕਾਇਤਕਰਤਾ ਦਾ ਨਾਮ ਅਤੇ ਪਤਾ ਲਿਫਾਫੇ 'ਤੇ ਨਹੀਂ, ਪਰ ਅੰਦਰ ਇੱਕ ਬੰਦ ਕਵਰ ਚਿੱਠੀ ਵਿੱਚ ਦਿੱਤਾ ਜਾਵੇ। |

| | |
|---|---|
| ਸ਼ਿਕਾਇਤਕਰਤਾ ਦੀ ਪਛਾਣ ਨੂੰ ਗੁਪਤ ਰੱਖਣਾ ਯਕੀਨੀ ਬਣਾਉਣ ਲਈ ਦਿਸ਼ਾ-ਨਿਰਦੇਸ਼ | • ਜਿਹੜੀਆਂ ਸ਼ਿਕਾਇਤਾਂ ਸ਼ਿਕਾਇਤਕਰਤਾ ਨਾਲ ਨਿੱਜੀ ਤੌਰ 'ਤੇ ਸਬੰਧਿਤ ਹਨ ਜਾਂ ਹੋਰ ਅਧਿਕਾਰੀਆਂ ਨੂੰ ਸੰਬੋਧਿਤ ਸ਼ਿਕਾਇਤਾਂ ਪਛਾਣ ਦੇ ਖੁਲਾਸੇ ਦਾ ਕਾਰਨ ਬਣ ਸਕਦੀਆਂ ਹਨ।<br>• ਸ਼ਿਕਾਇਤਾਂ ਬਿਨਾ ਕਵਰ ਭਾਵ ਖੁੱਲੀ ਹਾਲਤ ਵਿੱਚ ਜਾਂ ਜਨਤਕ ਪੋਰਟਲ 'ਤੇ ਨਹੀਂ ਭੇਜੀਆਂ ਜਾਣੀਆਂ ਚਾਹੀਦੀਆਂ।<br>• ਪਛਾਣ ਜ਼ਾਹਰ ਕਰਨ ਵਾਲੇ ਜਾਂ ਸ਼ਿਕਾਇਤ ਵਿੱਚ ਜ਼ਿਕਰ ਕੀਤੇ ਗਏ  ਦਸਤਾਵੇਜਾਂ ਨੂੰ ਨੱਥੀ ਨਹੀਂ ਕੀਤਾ ਜਾਣਾ ਚਾਹੀਦਾ। ਜਿਵੇਂ: ਆਰਟੀਆਈ ਦੁਆਰ ਪ੍ਰਾਪਤ ਦਸਤਾਵੇਜ਼<br>• ਪੁਸ਼ਟੀ ਕਰਨ ਦੇ ਉਦੇਸ਼ ਹਿਤ ਨਾਮ ਅਤੇ ਪਤੇ ਦਾ ਜ਼ਿਕਰ ਲਿਫਾਫਾ ਦੇ ਅੰਦਰਲੇ ਪੱਤਰ 'ਤੇ ਕੀਤਾ ਜਾਣਾ ਚਾਹੀਦਾ ਹੈ<br>• ਉਹ ਸ਼ਿਕਾਇਤਾਂ ਜਿਨ੍ਹਾਂ ਦੀ ਪੁਸ਼ਟੀ ਨਹੀਂ ਹੁੰਦੀ, ਬੰਦ ਕਰ ਦਿੱਤੀਆਂ ਜਾਂਦੀਆਂ ਹਨ।<br>• ਗੁੰਮਨਾਮ/ਉਪਨਾਮੀ ਪੱਤਰਾਂ 'ਤੇ ਵਿਚਾਰ ਨਹੀਂ ਕੀਤਾ ਜਾਂਦਾ। |

ਵਿਜੀਲੈਂਸ ਜਾਗਰੂਕਤਾ ਹਫ਼ਤਾ 2023